Please write clearly in block capitals.

Centre number | | | | | |     Candidate number | | | | |

Surname ________________________________

Forename(s) ________________________________

Candidate signature ________________________________

# GCSE
# PANJABI

# H

## Higher Tier Paper 3 Reading

Monday 10 June 2019 Morning Time allowed: 1 hour

**Materials**
You will need no other materials.

**Instructions**
- Use black ink or black ball-point pen.
- Fill in the boxes at the top of this page.
- Answer **all** questions.
- You must answer the questions in the spaces provided. Do not write outside the box around each page or on blank pages.
- In **Section A**, answer the questions in **English**. In **Section B**, answer the questions in **Panjabi**. In **Section C**, translate the passage into **English**.
- Do all rough work in this answer book. Cross through any work you do not want to be marked.

**Information**
- The marks for questions are shown in brackets.
- The maximum mark for this paper is 60.
- You must **not** use a dictionary.

| For Examiner's Use | |
|---|---|
| Question | Mark |
| 1 | |
| 2 | |
| 3 | |
| 4 | |
| 5 | |
| 6 | |
| 7 | |
| 8 | |
| 9 | |
| 10 | |
| 11 | |
| 12 | |
| TOTAL | |

Do not write outside the box

## Section A

Questions and answers in **English**.

**0 1** **The Peasant and the Apple Tree**

Read this extract from the folk tale 'The Peasant and the Apple Tree'.

ਇੱਕ ਵਾਰੀ ਦੀ ਗੱਲ ਹੈ, ਇੱਕ ਪਿੰਡ ਵਿੱਚ ਇੱਕ ਕਿਸਾਨ ਰਹਿੰਦਾ ਸੀ। ਜਦੋਂ ਉਹ ਛੋਟਾ ਹੁੰਦਾ ਸੀ, ਆਪਣਾ ਸਾਰਾ ਸਮਾਂ ਬਗੀਚੇ ਵਿੱਚ ਸੇਬ ਦੇ ਦਰੱਖਤ ਅਤੇ ਜਾਨਵਰਾਂ ਨਾਲ ਖੇਡ ਕੇ ਗੁਜਾਰਦਾ ਸੀ। ਉਸ ਨੂੰ ਜਾਨਵਰਾਂ ਨਾਲ ਖੇਡਣਾ ਜ਼ਿਆਦਾ ਪਸੰਦ ਸੀ ਕਿਉਂਕਿ ਜਾਨਵਰਾਂ ਦੇ ਪਿੱਛੇ ਭੱਜ ਕੇ ਬਹੁਤ ਮਜ਼ਾ ਆਉਂਦਾ ਸੀ। ਪਹਿਲਾਂ ਉਨ੍ਹਾਂ ਦੇ ਬਗੀਚੇ ਵਿੱਚ ਬਹੁਤ ਸਾਰੇ ਫੁੱਲ ਅਤੇ ਸਬਜ਼ੀਆਂ ਉੱਗਦੇ ਸਨ।

ਪਰ ਹੁਣ ਬਗੀਚੇ ਵਿੱਚ ਸਿਰਫ ਸੇਬ ਦਾ ਦਰੱਖਤ ਸੀ ਜਿਸ ਤੇ ਸੇਬ ਲੱਗਣੇ ਬੰਦ ਹੋ ਗਏ ਸਨ। ਇਸ ਕਰਕੇ ਕਿਸਾਨ ਨੇ ਇਸ ਨੂੰ ਕੱਟਣ ਦਾ ਮਨ ਬਣਾ ਲਿਆ। ਪਰ ਸੇਬ ਦਾ ਦਰੱਖਤ ਅਜੇ ਵੀ ਬਹੁਤ ਸਾਰੇ ਜਾਨਵਰਾਂ ਦੇ ਰਹਿਣ ਲਈ ਘਰ ਸੀ। ਜਾਨਵਰਾਂ ਨੇ ਕਿਸਾਨ ਨੂੰ ਕਿਹਾ, "ਅਸੀਂ ਤੈਨੂੰ ਕਦੇ ਵੀ ਥੱਕਣ ਨਹੀਂ ਦਿਆਂਗੇ, ਹਰ ਰੋਜ਼ ਮਿੱਠੇ ਗੀਤ ਸੁਣਾਵਾਂਗੇ। ਕਿਰਪਾ ਕਰਕੇ ਇਸ ਦਰੱਖਤ ਨੂੰ ਸਾਡੇ ਲਈ ਰਹਿਣ ਦੇ!" ਕਿਸਾਨ ਦੀ ਪਤਨੀ ਨੇ ਵੀ ਉਸ ਨੂੰ ਸੇਬ ਦਾ ਦਰੱਖਤ ਨਾ ਕੱਟਣ ਦੀ ਸਲਾਹ ਦਿੱਤੀ ਪਰ ਕਿਸਾਨ ਨੇ ਉਸ ਦੀ ਗੱਲ ਨਾ ਸੁਣੀ।

ਜਦੋਂ ਕਿਸਾਨ ਦਰੱਖਤ ਕੱਟਣ ਲੱਗਾ, ਉਸ ਨੂੰ ਦਰੱਖਤ ਦੇ ਤਣੇ ਵਿੱਚ ਇੱਕ ਚਮਕਦੀ ਹੋਈ ਚੀਜ਼ ਨਜ਼ਰ ਆਈ। ਉਸ ਨੇ ਆਪਣੀ ਉਂਗਲੀ ਲਾ ਕੇ ਦੇਖਿਆ ਤਾਂ ਹੈਰਾਨ ਰਹਿ ਗਿਆ। ਇਹ ਤਾਂ ਮਿੱਠਾ ਸ਼ਹਿਦ ਸੀ। ਕਿਸਾਨ ਨੂੰ ਆਪਣਾ ਬਚਪਨ ਯਾਦ ਆ ਗਿਆ। ਉਸ ਨੇ ਦਰੱਖਤ ਨੂੰ ਕੱਟਣਾ ਉਸੇ ਵੇਲੇ ਬੰਦ ਕਰ ਦਿੱਤਾ।

Write the correct letter in the box.

**0 1 . 1** What did the farmer prefer most when he was young?

| | |
|---|---|
| **A** | His friends |
| **B** | The animals |
| **C** | The apple tree |

[ ]

**[1 mark]**

Do not write outside the box

**0 1 . 2** What used to grow in the garden?

| | |
|---|---|
| **A** | Flowers |
| **B** | Fruit |
| **C** | Oak trees |

**[1 mark]**

**0 1 . 3** Who kept using the old apple tree?

| | |
|---|---|
| **A** | The farmer |
| **B** | The farmer’s neighbour |
| **C** | The animals |

**[1 mark]**

**0 1 . 4** Why did the farmer decide to cut down the apple tree?

| | |
|---|---|
| **A** | He needed its wood for furniture. |
| **B** | It stopped producing fruit. |
| **C** | He wanted to plant another tree. |

**[1 mark]**

**Question 1 continues on the next page**

**Turn over ▶**

Do not write outside the box

**0 1 . 5** What did the farmer's wife advise him to do?

| | |
|---|---|
| **A** | Plant another apple tree |
| **B** | Move the apple tree |
| **C** | Leave the apple tree alone |

☐

**[1 mark]**

**0 1 . 6** How did the animals say they would help the farmer?

| | |
|---|---|
| **A** | By singing tuneful songs |
| **B** | By eating insects |
| **C** | By eating weeds |

☐

**[1 mark]**

**0 1 . 7** Why did the farmer change his mind?

| | |
|---|---|
| **A** | Because of the birds |
| **B** | Because of the environment |
| **C** | Because of the honey |

☐

**[1 mark]**

**7**

Do not write outside the box

Turn over for the next question

DO NOT WRITE ON THIS PAGE
ANSWER IN THE SPACES PROVIDED

Turn over ▶

Do not write outside the box

**0 2** **A new type of bank**

You read an article on a new type of bank in a Panjabi magazine.

### ਇੱਕ ਨਵੀਂ ਕਿਸਮ ਦੀ ਬੈਂਕ

ਬਹੁਤ ਸਾਰੇ ਨੌਜਵਾਨਾਂ ਲਈ ਆਪਣੇ ਖਰਚ ਦਾ ਹਿਸਾਬ-ਕਿਤਾਬ ਰੱਖਣਾ ਔਖਾ ਹੈ ਕਿਉਂਕਿ ਉਨ੍ਹਾਂ ਦੇ ਖਰਚੇ ਹੋਏ ਪੈਸੇ ਖਾਤੇ ਵਿੱਚੋਂ ਜਾਣ ਨੂੰ ਤਿੰਨ ਚਾਰ ਦਿਨ ਲੱਗ ਜਾਂਦੇ ਹਨ। ਇਸ ਤਰ੍ਹਾਂ ਉਨ੍ਹਾਂ ਨੂੰ ਪਤਾ ਨਹੀਂ ਲਗਦਾ ਕਿ ਉਨ੍ਹਾਂ ਦੇ ਖਾਤੇ ਵਿੱਚ ਕਿੰਨੇ ਪੈਸੇ ਰਹਿ ਗਏ ਹਨ ਅਤੇ ਉਹ ਵੱਧ ਪੈਸੇ ਖਰਚ ਲੈਂਦੇ ਹਨ।

ਇਹ ਨਵੀਂ ਬੈਂਕ ਨੌਜਵਾਨਾਂ ਦੇ ਆਮਦਨ ਖਰਚ ਦਾ ਖੁਦ ਹਿਸਾਬ ਰੱਖਦੀ ਹੈ ਇਸ ਕਰਕੇ ਉਹ ਇਸ ਬੈਂਕ ਨੂੰ ਬਹੁਤ ਚੰਗਾ ਸਮਝਦੇ ਹਨ।

ਇਹ ਬੈਂਕ ਹੋਰ ਬੈਂਕਾਂ ਨਾਲੋਂ ਵੱਖਰੀ ਹੈ ਕਿਉਂਕਿ ਇਸ ਬੈਂਕ ਵਿੱਚ ਖਾਤਾ ਸਮਾਰਟ ਫੋਨ ਤੇ ਹੀ ਖੋਲ੍ਹਿਆ ਜਾਂਦਾ ਹੈ। ਸਮਾਰਟ ਫੋਨ ਤੇ ਹੀ ਆਪਣੇ ਜ਼ਰੂਰੀ ਕਾਗਜ਼ ਅਪਲੋਡ ਕਰ ਦਿੱਤੇ ਜਾਂਦੇ ਹਨ।

ਪੈਸੇ ਕੱਢਦਿਆਂ ਸਾਰ ਹੀ ਕੈਸ਼ ਮਸ਼ੀਨ ਤੋਂ ਤੁਹਾਡੇ ਮੋਬਾਇਲ ਫੋਨ ਤੇ ਸੁਨੇਹਾ ਆ ਜਾਂਦਾ ਹੈ। ਜੇ ਤੁਹਾਡਾ ਕਾਰਡ ਗੁਆਚ ਜਾਵੇ ਜਾਂ ਚੋਰੀ ਹੋ ਜਾਵੇ ਤਾਂ ਤੁਸੀਂ ਆਪਣੇ ਮੋਬਾਇਲ ਫੋਨ ਤੋਂ ਹੀ ਆਪਣਾ ਕਾਰਡ ਬੰਦ ਕਰ ਸਕਦੇ ਹੋ।

Read the above article and answer the following questions.

*Do not write outside the box*

**0 2 . 1** According to the article, how do young people go overdrawn by mistake?

**[1 mark]**

**0 2 . 2** Why do young people prefer this type of bank?

**[1 mark]**

**0 2 . 3** How is opening an account at this bank different to other banks?

**[1 mark]**

**0 2 . 4** What **two** security features does this bank provide to its customers?

**[2 marks]**

**5**

**Turn over for the next question**

Do not write outside the box

**0 3** **My city**

You read a blog on a Panjabi website.

ਮੇਰਾ ਸ਼ਹਿਰ

ਮੇਰਾ ਸ਼ਹਿਰ ਆਬਾਦੀ ਦੇ ਹਿਸਾਬ ਨਾਲ ਇੰਗਲੈਂਡ ਦਾ ਇੱਕ ਵੱਡਾ ਸ਼ਹਿਰ ਹੈ। ਇੱਥੇ ਮੁਸਲਿਮ, ਸਿੱਖ, ਇਸਾਈ ਅਤੇ ਕਈ ਹੋਰ ਧਰਮਾਂ ਦੇ ਲੋਕ ਰਹਿੰਦੇ ਹਨ। ਮੇਰੇ ਸ਼ਹਿਰ ਵਿੱਚ ਸੈਲਾਨੀਆਂ ਦੇ ਦੇਖਣ ਲਈ ਕਈ ਥਾਵਾਂ ਹਨ ਜਿਵੇਂ ਕਿ, ਰੌਂਡੇ ਪਾਰਕ, ਰੌਇਲ ਆਰਮਰੀ ਅਤੇ ਕਨਾਲ ਗਾਰਡਨ ਆਦਿ। ਪਹਿਲਾਂ ਮੇਰੇ ਸ਼ਹਿਰ ਵਿੱਚ ਬਹੁਤ ਉਦਯੋਗ ਹੁੰਦੇ ਸਨ ਪਰ ਹੁਣ ਸਾਰੇ ਉਦਯੋਗ ਦੂਸਰੇ ਦੇਸ਼ਾਂ ਵਿੱਚ ਚਲੇ ਗਏ ਹਨ।

ਇਸ ਸ਼ਹਿਰ ਦਾ ਸਿਟੀ ਸੈਂਟਰ ਬਹੁਤ ਵੱਡਾ ਹੈ ਜਿੱਥੇ ਕਈ ਤਰ੍ਹਾਂ ਦਾ ਸਮਾਨ ਵੇਚਣ ਵਾਲੀਆਂ ਦੁਕਾਨਾਂ ਹਨ ਅਤੇ ਕਾਰਾਂ ਖੜ੍ਹੀਆਂ ਕਰਨ ਲਈ ਜ਼ਰੂਰਤ ਤੋਂ ਵਧ ਕਾਰ ਪਾਰਕ ਹਨ।

Write **T** if the statement is **true**.

Write **F** if the statement is **false**.

Write **NT** if the information is **not in the text**.

**0 3 . 1** This is one of the largest cities. **[1 mark]**

**0 3 . 2** This is one of the fastest-growing cities. **[1 mark]**

**0 3 . 3** It is a multicultural city. **[1 mark]**

**0 3 . 4** There is a lot of industry in the city. **[1 mark]**

**0 3 . 5** There are not enough parking spaces in the city centre. **[1 mark]**

5

Do not write outside the box

**Turn over for the next question**

**DO NOT WRITE ON THIS PAGE**
**ANSWER IN THE SPACES PROVIDED**

Do not write outside the box

**0 4** **Poverty**

You read an article about a young man's success in a Panjabi magazine.

### ਅੰਮ੍ਰਿਤਸਰ ਦੀਆਂ ਗਲੀਆਂ ਤੋਂ ਯੂਰਪ ਤੱਕ ਦਾ ਸਫਰ

ਬਲਵੀਰ ਅੰਮ੍ਰਿਤਸਰ ਦੇ ਨੇੜੇ ਇੱਕ ਪਿੰਡ ਵਿੱਚ ਪੈਦਾ ਹੋਇਆ ਸੀ। ਉਸ ਦੇ ਮਾਪੇ ਖੇਤੀਬਾੜੀ ਕਰਦੇ ਸਨ। ਉਨ੍ਹਾਂ ਦੀ ਸਾਰੀ ਫਸਲ ਬਾਰਸ਼ ਨਾਲ ਤਬਾਹ ਹੋ ਗਈ ਸੀ ਅਤੇ ਬਹੁਤ ਸਾਰਾ ਕਰਜ਼ਾ ਉਨ੍ਹਾਂ ਦੇ ਸਿਰ ਚੜ੍ਹ ਗਿਆ। ਉਸ ਦੇ ਮਾਪਿਆਂ ਨੇ ਘਰ ਤੇ ਜ਼ਮੀਨ ਵੇਚ ਕੇ, ਸ਼ਹਿਰ ਜਾ ਕੇ ਨੌਕਰੀ ਦੀ ਭਾਲ ਕਰਨ ਦਾ ਫੈਸਲਾ ਕੀਤਾ। ਪਰ ਮਾੜੀ ਕਿਸਮਤ, ਕੰਮ ਨਾ ਮਿਲਿਆ। ਹਾਰ ਹੰਭ ਕੇ ਉਨ੍ਹਾਂ ਨੇ ਅੰਮ੍ਰਿਤਸਰ ਦੀਆਂ ਗਲੀਆਂ ਵਿੱਚ ਭੀਖ ਮੰਗਣੀ ਸ਼ੁਰੂ ਕਰ ਦਿੱਤੀ ਪਰ ਇਸ ਤਰ੍ਹਾਂ ਬੈਂਕਾਂ ਦਾ ਪੈਸਾ ਵਾਪਸ ਕਰਨਾ ਅਸੰਭਵ ਸੀ। ਬਲਵੀਰ ਕੋਲ ਪਿਉ ਦਾ ਸਹਾਰਾ ਵੀ ਨਾ ਰਿਹਾ। ਉਸ ਦੀ ਮਾਂ ਦੀਆਂ ਆਪਣੀਆਂ ਹੀ ਬਹੁਤ ਸਾਰੀਆਂ ਮੁਸ਼ਕਲਾਂ ਸਨ ਅਤੇ ਉਸ ਦੀ ਦੇਖਭਾਲ ਕਰਨ ਵਾਲਾ ਵੀ ਕੋਈ ਨਹੀਂ ਸੀ।

ਖੁਸ਼ਕਿਸਮਤੀ ਨਾਲ, ਇੱਕ ਦਿਨ, ਇੱਕ ਸਮਾਜ ਸੇਵਕ ਦੀ ਨਜ਼ਰ ਗਲੀਆਂ ਵਿੱਚ ਮੰਗਦੇ ਬਲਵੀਰ ਉੱਤੇ ਪਈ। ਉਸ ਨੇ ਬਲਵੀਰ ਨੂੰ ਆਪਣੀ ਚੈਰਿਟੀ ਦੇ ਅੰਗਰੇਜ਼ੀ ਸਕੂਲ ਵਿੱਚ ਪੜ੍ਹਨ ਲਾ ਦਿੱਤਾ। ਬਲਵੀਰ ਦੇ ਸਕੂਲ ਦੇ ਇਮਤਿਹਾਨਾਂ ਵਿੱਚ ਬਹੁਤ ਵਧੀਆ ਨੰਬਰ ਆਏ। ਫਿਰ ਉਸ ਨੇ ਕੈਂਬਰਿਜ ਯੂਨੀਵਰਸਟੀ ਵਿੱਚ ਦਾਖਲੇ ਦਾ ਇਮਤਿਹਾਨ ਵੀ ਪਾਸ ਕਰ ਲਿਆ। ਬਲਵੀਰ ਨੇ ਅੰਗਰੇਜ਼ੀ ਸਾਹਿਤ ਵਿੱਚ ਡਿਗਰੀ ਪ੍ਰਾਪਤ ਕਰ ਲਈ ਹੈ। ਹੁਣ ਉਹ ਕੰਮ ਕਰਕੇ ਆਪਣੀ ਮਾਂ ਵਾਸਤੇ ਘਰ ਬਣਾਉਣਾ ਚਾਹੁੰਦਾ ਹੈ ਅਤੇ ਸੜਕਾਂ ਤੇ ਰੁਲ ਰਹੇ ਬੱਚਿਆਂ ਲਈ ਵੀ ਕੁਝ ਕਰਨਾ ਚਾਹੁੰਦਾ ਹੈ।

Do not write outside the box

Which **five** statements are true? Write the correct letters in the boxes.

| | |
|---|---|
| **A** | Balvir's parents were not rich. |
| **B** | His parents didn't want to move to the city. |
| **C** | His parents managed to find decent jobs. |
| **D** | His mum couldn't look after him properly. |
| **E** | His family found city life enjoyable. |
| **F** | He did well at school. |
| **G** | He failed the entrance exam for Cambridge University. |
| **H** | He passed his degree in Mechanical Engineering. |
| **I** | He wants to support his mother. |
| **J** | He wants to help other homeless children. |

**[5 marks]**

5

**Turn over for the next question**

Do not write outside the box

**0 5** **Future plans for study or career choices**

You read an email from Rajdeep to his uncle in the Panjab.

ਪਿਆਰੇ ਚਾਚਾ ਜੀ,

ਮੈਂ ਪੰਜ ਜੀ ਸੀ ਐੱਸ ਈ ਪਿਛਲੇ ਸਾਲ ਹੀ ਕਰ ਲਏ ਸਨ। ਇਸ ਸਾਲ, ਮੈਨੂੰ ਸਿਰਫ ਛੇ ਜੀ ਸੀ ਐੱਸ ਈ ਦੇ ਇਮਤਿਹਾਨਾਂ ਤੇ ਧਿਆਨ ਦੇਣਾ ਪਵੇਗਾ। ਇਸ ਕਰਕੇ ਮੈਨੂੰ ਪੂਰੀ ਉਮੀਦ ਹੈ ਕਿ ਇਸ ਸਾਲ ਮੇਰੇ ਵਧੀਆ ਗਰੇਡ ਆਉਣਗੇ।

ਮੈਂ ਨਜ਼ਰ ਟੈਸਟ ਕਰਨ ਵਾਲਾ ਡਾਕਟਰ ਬਣਨਾ ਚਾਹੁੰਦਾ ਹਾਂ। ਮੈਂ ਇਹ ਫੈਸਲਾ ਆਪਣੇ ਮਾਮੇ ਦੇ ਮੁੰਡੇ ਵੱਲ ਦੇਖ ਕੇ ਕੀਤਾ ਹੈ। ਉਹ ਪਹਿਲਾਂ ਬੂਟਸ' ਵਿੱਚ ਕੰਮ ਕਰਦਾ ਸੀ ਤੇ ਉਸ ਨੂੰ ਕਾਫੀ ਤਨਖਾਹ ਮਿਲਦੀ ਸੀ ਪਰ ਬਾਅਦ ਵਿੱਚ ਉਸ ਨੇ ਉਹ ਨੌਕਰੀ ਛੱਡ ਕੇ ਆਪਣਾ ਕੰਮ ਖੋਲ੍ਹ ਲਿਆ ਅਤੇ ਹੁਣ ਉਹ ਬਹਤ ਮਜ਼ੇ ਵਿੱਚ ਹੈ!

ਜੇਕਰ ਮੈਂ ਵਧੀਆਂ ਗਰੇਡ ਲੈਣ ਵਿੱਚ ਅਸਫਲ ਰਿਹਾ, ਤਾਂ ਫਿਰ ਮੈਂ ਅਜਿਹਾ ਕੰਮ ਲੱਭਾਂਗਾ ਜਿਸ ਨੂੰ ਕਰਨ ਨਾਲ ਪੈਸੇ ਤਾਂ ਭਾਂਵੇ ਘੱਟ ਮਿਲਣ ਪਰ ਕੰਮ ਦੀ ਸਿਖਲਾਈ ਪ੍ਰਾਪਤ ਕਰਨ ਦਾ ਮੌਕਾ ਜ਼ਰੂਰ ਹੋਵੇ। ਮੇਰੇ ਖਿਆਲ ਵਿੱਚ, ਅੱਜ ਕੱਲ੍ਹ ਅਜਿਹੀ ਡਿਗਰੀ ਕਰਨ ਦਾ ਕੋਈ ਫਾਇਦਾ ਨਹੀਂ ਜਿਸ ਨਾਲ ਬਾਅਦ ਵਿੱਚ ਕੰਮ ਨਾ ਮਿਲੇ ਕਿਉਂਕਿ ਯੂਨੀਵਰਸਟੀ ਦੀ ਫੀਸ ਪਹਿਲਾਂ ਦੇ ਮੁਕਾਬਲੇ ਤਿੰਨ ਗੁਣਾ ਵਧ ਗਈ ਹੈ।

ਤੁਹਾਡਾ ਭਤੀਜਾ,

ਰਾਜਦੀਪ ਰਾਠੌਰ

Read Rajdeep's email above and answer the following questions.

*Do not write outside the box*

**0 5 . 1** Why is Rajdeep feeling confident about his GCSE results?

**[1 mark]**

**0 5 . 2** Why has he decided to study this particular course at university?

**[1 mark]**

**0 5 . 3** What is Rajdeep's view about university education these days?

**[1 mark]**

3

**Turn over for the next question**

Do not write outside the box

**0 6** **Health**

You read Aman's blog on his family's eating habits and lifestyles.

ਮੇਰੇ ਪਿਤਾ ਜੀ ਤੁਰਨਾ ਪਸੰਦ ਨਹੀਂ ਕਰਦੇ। ਸੁਪਰ-ਮਾਰਕੀਟ ਸਾਡੇ ਘਰ ਦੇ ਨੇੜੇ ਹੋਣ ਦੇ ਬਾਵਜੂਦ ਵੀ ਉਹ ਕਾਰ ਵਿੱਚ ਚੀਜ਼ਾਂ ਖਰੀਦਣ ਜਾਂਦੇ ਹਨ। ਮੇਰੇ ਮਾਤਾ ਜੀ ਉੱਬਲੇ ਹੋਏ ਖਾਣੇ, ਤਾਜ਼ੇ ਫਲ ਅਤੇ ਹਰੀਆਂ ਸਬਜ਼ੀਆਂ ਖਾਂਦੇ ਹਨ। ਉਹ ਕਦੇ ਕਦੇ ਆਂਡੇ ਅਤੇ ਮੱਛੀ ਵੀ ਖਾਂਦੇ ਹਨ। ਉਹ ਹਰ ਰੋਜ਼ ਅੱਧਾ ਘੰਟਾ ਤੁਰਨ ਲਈ ਜਾਂਦੇ ਹਨ। ਮੈਂ ਮਿਠਿਆਈ ਬਹੁਤ ਖਾਂਦਾ ਹਾਂ ਇਸ ਲਈ ਮੈਨੂੰ ਸਾਹ ਬਹੁਤ ਚੜ੍ਹਦਾ ਹੈ। ਮੇਰੇ ਮਾਤਾ ਜੀ ਚਾਹੁੰਦੇ ਹਨ ਕਿ ਮੈਂ ਉਨ੍ਹਾਂ ਨਾਲ ਤੁਰਨ ਜਾਵਾਂ ਪਰ ਮੈਨੂੰ ਤੁਰਨ ਜਾਣਾ ਪਸੰਦ ਨਹੀਂ ਇਸ ਲਈ ਮੈਂ ਕਸਰਤ ਘਰ ਦਾ ਮੈਂਬਰ ਬਣਨ ਜਾ ਰਿਹਾ ਹਾਂ।

ਮੇਰਾ ਛੋਟਾ ਭਰਾ ਜੋ ਦਿਲ ਕਰੇ ਖਾਂਦਾ ਰਹਿੰਦਾ ਹੈ। ਖਾਣ ਦੀ ਇਸ ਆਦਤ ਨਾਲ ਜੇ ਉਹ ਕਸਰਤ ਨਹੀਂ ਕਰਦਾ ਤਾਂ ਮੋਟਾ ਹੋ ਜਾਵੇਗਾ।

Write the correct letter in the box.

**0 6 . 1** Aman's father's lifestyle is …

| | |
|---|---|
| **A** | active. |
| **B** | lazy. |
| **C** | busy. |

**[1 mark]**

**0 6 . 2** Aman's mother's diet is …

| | |
|---|---|
| **A** | healthy. |
| **B** | unhealthy. |
| **C** | neither healthy nor unhealthy. |

**[1 mark]**

*Do not write outside the box*

**0 6 . 3** Aman is going to improve his health by …

| | |
|---|---|
| **A** | changing his diet. |
| **B** | walking with his mum. |
| **C** | joining the gym. |

**[1 mark]**

**0 6 . 4** Aman's brother's attitude to health is …

| | |
|---|---|
| **A** | positive. |
| **B** | negative. |
| **C** | positive and negative. |

**[1 mark]**

**4**

**Turn over for the next question**

Do not write outside the box

**0 7** **Celebrations**

You read Sandeep's blog about celebrations in London.

27 ਜੁਲਾਈ ਨੂੰ ਐਤਵਾਰ ਦੇ ਦਿਨ ਏਸ਼ੀਅਨ ਲੋਕਾਂ ਵਾਸਤੇ ਲੀਡਜ਼ ਵਿੱਚ ਇੱਕ ਭਾਰੀ ਮੇਲਾ ਲੱਗਾ। ਇਸ ਮੇਲੇ ਦਾ ਮਜ਼ਾ ਲੈਣ ਲਈ ਲੋਕ ਗੁਆਂਢੀ ਸ਼ਹਿਰਾਂ ਤੋਂ ਵੀ ਆਏ। ਬੱਚਿਆਂ ਦੀ ਮੌਜ ਮਸਤੀ ਲਈ ਕਈ ਤਰ੍ਹਾਂ ਦੇ ਛੋਟੇ-ਵੱਡੇ ਪੰਘੂੜੇ ਸਨ। ਇੱਕ ਬਹੁਤ ਹੀ ਸ਼ਾਨਦਾਰ ਤੇ ਵੱਡੀ ਸਟੇਜ ਤੋਂ ਕਲਾਕਾਰ ਵਾਰੀ ਵਾਰੀ ਆਪਣਾ ਪਰੋਗਰਾਮ ਪੇਸ਼ ਕਰ ਰਹੇ ਸਨ।

ਇੰਡੀਆ ਅਤੇ ਪਾਕਿਸਤਾਨ ਤੋਂ ਕਈ ਪ੍ਰਸਿੱਧ ਗਾਉਣ ਵਾਲੇ ਵੀ ਸੱਦੇ ਹੋਏ ਸਨ। ਪਹਿਲੀ ਵਾਰੀ ਦੇਖਿਆ ਕਿ ਲੋਕ ਮੀਂਹ ਤੋਂ ਨਹੀਂ ਧੁੱਪ ਤੋਂ ਬਚਣ ਲਈ ਆਸਰਾ ਲੱਭ ਰਹੇ ਸਨ। ਲੋਕ ਮੇਲੇ ਦਾ ਬਹੁਤ ਆਨੰਦ ਮਾਣ ਰਹੇ ਸਨ ਪਰ ਅਚਾਨਕ ਦੋ ਗੁੱਟਾਂ ਵਿੱਚ ਜ਼ਬਰਦਸਤ ਲੜਾਈ ਸ਼ੁਰੂ ਹੋ ਗਈ। ਤੁਰੰਤ ਕਿਸੇ ਨੇ ਪੁਲੀਸ ਨੂੰ ਬੁਲਾ ਲਿਆ ਅਤੇ ਉਹ ਲੜਾਈ ਕਰਨ ਵਾਲਿਆਂ ਨੂੰ ਫੜ ਕੇ ਲੈ ਗਈ।

ਸੰਦੀਪ

Which **four** statements are true? Write the correct letters in the boxes.

| | |
|---|---|
| **A** | There was a Vaisakhi festival in London. |
| **B** | People from nearby cities came along. |
| **C** | There was not much for children to do. |
| **D** | There was only one stage for the artists. |
| **E** | Only local singers performed at the event. |
| **F** | The weather was good. |
| **G** | People didn't enjoy the event. |
| **H** | Two groups of people caused trouble. |

[ ] [ ] [ ] [ ]

**[4 marks]**

4

Do not write outside the box

**Turn over for the next question**

**DO NOT WRITE ON THIS PAGE**
**ANSWER IN THE SPACES PROVIDED**

Do not write outside the box

## Section B

Questions and answers in **Panjabi**.

**0 8** ਨੌਕਰੀ

ਤੁਸੀਂ ਗੁਰਦੇਵ ਦੀ ਨੌਕਰੀ ਬਾਰੇ ਈਮੇਲ ਪੜ੍ਹਦੇ ਹੋ ।

ਮੇਰੇ ਖਿਆਲ ਵਿੱਚ ਪਾਰਟ-ਟਾਈਮ ਨੌਕਰੀ ਕਰਨ ਨਾਲ ਤੁਸੀਂ ਪੜ੍ਹਾਈ ਵਿੱਚ ਪਿੱਛੇ ਰਹਿ ਜਾਂਦੇ ਹੋ । ਤੁਹਾਨੂੰ ਉਹ ਕੰਮ ਕਰਨਾ ਚਾਹੀਦਾ ਹੈ ਜਿਸ ਨੂੰ ਕਰਨ ਨਾਲ ਤੁਹਾਡੇ ਮਨ ਨੂੰ ਆਨੰਦ ਆਵੇ । ਮੈਨੂੰ ਸੇਲਜ਼ ਅਸਿਸਟੈਂਟ ਦਾ ਕੰਮ ਪਸੰਦ ਨਹੀਂ ਕਿਉਂਕਿ ਤੁਹਾਨੂੰ ਸਨਿੱਚਰਵਾਰ ਨੂੰ ਵੀ ਕੰਮ ਕਰਨਾ ਪੈਂਦਾ ਹੈ । ਮੈਨੂੰ ਵਕੀਲ ਦਾ ਕੰਮ ਪਸੰਦ ਹੈ ਕਿਉਂਕਿ ਇਸ ਕੰਮ ਵਿੱਚ ਮੈਨੂੰ ਬਹੁਤ ਦਿਲਚਸਪੀ ਹੈ ।

ਗੁਰਦੇਵ

ਸਹੀ ਜਵਾਬ ਵਾਲਾ ਅੱਖਰ ਖਾਨੇ ਵਿੱਚ ਲਿਖੋ ।

**0 8 . 1** ਗੁਰਦੇਵ ਦਾ ਪਾਰਟ-ਟਾਈਮ ਨੌਕਰੀ ਕਰਨ ਬਾਰੇ ਕੀ ਖਿਆਲ ਹੈ ?

| | |
|---|---|
| **A** | ਪਾਰਟ-ਟਾਈਮ ਨੌਕਰੀ ਚੰਗੀ ਹੈ । |
| **B** | ਪਾਰਟ-ਟਾਈਮ ਨੌਕਰੀ ਨਾ ਚੰਗੀ ਹੈ ਤੇ ਨਾ ਮਾੜੀ ਹੈ । |
| **C** | ਪਾਰਟ-ਟਾਈਮ ਨੌਕਰੀ ਮਾੜੀ ਹੈ । |

**[1 mark]**

**0 8 . 2** ਗੁਰਦੇਵ ਦੇ ਖਿਆਲ ਵਿੱਚ ਇੱਕ ਚੰਗੀ ਨੌਕਰੀ ਲਈ ਕਿਹੜੀ ਗੱਲ ਹੋਣੀ ਸਭ ਤੋਂ ਜ਼ਰੂਰੀ ਹੈ ?

| | |
|---|---|
| **A** | ਪੈਸਾ |
| **B** | ਖੁਸ਼ੀ |
| **C** | ਘਰ ਦੇ ਨੇੜੇ ਹੋਣਾ |

**[1 mark]**

Do not write outside the box

**0 8 . 3** ਗੁਰਦੇਵ ਸੇਲਜ਼ ਅਸਿਸਟੈਂਟ ਕਿਉਂ ਨਹੀਂ ਬਣਨਾ ਚਾਹੁੰਦਾ ?

| | |
|---|---|
| **A** | ਵੀਕਐਂਡ ਤੇ ਕੰਮ ਕਰਨਾ ਪੈਂਦਾ ਹੈ। |
| **B** | ਲੰਬੇ ਘੰਟੇ ਕੰਮ ਕਰਨਾ ਪੈਂਦਾ ਹੈ। |
| **C** | ਬਹੁਤ ਸਾਰੇ ਲੋਕਾਂ ਨੂੰ ਮਿਲਣਾ ਪੈਂਦਾ ਹੈ। |

**[1 mark]**

**0 8 . 4** ਗੁਰਦੇਵ ਵਕੀਲ ਕਿਉਂ ਬਣਨਾ ਚਾਹੁੰਦਾ ਹੈ ?

| | |
|---|---|
| **A** | ਪਿਤਾ ਜੀ ਨੂੰ ਖੁਸ਼ ਕਰਨ ਲਈ |
| **B** | ਤਨਖਾਹ ਬਹੁਤ ਹੋਣ ਕਰਕੇ |
| **C** | ਰੁਚੀ ਹੋਣ ਕਰਕੇ |

**[1 mark]**

4

**Turn over for the next question**

Do not write outside the box

**0 9** ਵਿਆਹ ਬਾਰੇ ਇੱਕ ਨਿੱਕੀ ਕਹਾਣੀ

ਤੁਸੀਂ ਪੂਰਨ ਸਿੰਘ ਦੀ ਨਿੱਕੀ ਕਹਾਣੀ 'ਸੰਵੇਦਨਾ' ਦਾ ਇਹ ਹਿੱਸਾ ਪੜ੍ਹਦੇ ਹੋ।

ਜੀਵਨ ਅਤੇ ਜੋਤੀ ਯੂਨੀਵਰਸਟੀ ਦੀ ਡਿਗਰੀ ਕਰਨ ਲਈ ਇੰਗਲੈਂਡ ਆਏ ਸਨ। ਇੱਥੇ ਹੀ ਦੋਹਾਂ ਦੀ ਆਪਸ ਵਿੱਚ ਦੋਸਤੀ ਅਤੇ ਵਿਆਹ ਹੋਇਆ ਸੀ। ਜੀਵਨ ਅਤੇ ਜੋਤੀ ਦਾ ਇਹ ਸਬੰਧ ਉਨ੍ਹਾਂ ਦੇ ਮਾਪਿਆਂ ਨੂੰ ਬਿਲਕੁਲ ਪਸੰਦ ਨਹੀਂ ਸੀ। ਜੀਵਨ ਦੇ ਮਾਪਿਆਂ ਨੇ ਤਾਂ ਉਸ ਨਾਲੋਂ ਹਰ ਰਿਸ਼ਤਾ ਤੋੜ ਲਿਆ ਸੀ। ਉਸ ਦੇ ਹੋਰ ਤਿੰਨ ਭਰਾ ਸਨ।

ਜੋਤੀ ਦੇ ਮਾਪਿਆਂ ਵੱਲੋਂ ਉਸ ਨਾਲੋਂ ਸਬੰਧ ਤੋੜਨਾ ਏਨਾ ਸੌਖਾ ਨਹੀਂ ਸੀ ਕਿਉਂਕਿ ਉਹ ਆਪਣੇ ਮਾਪਿਆਂ ਦੀ ਇੱਕੋ ਇੱਕ ਬੱਚੀ ਸੀ। ਜੋਤੀ ਆਪਣੇ ਦੋ ਬੱਚਿਆਂ ਨੂੰ ਨਾਲ ਲੈ ਕੇ ਇੰਡੀਆ ਗਈ। ਬੱਚਿਆਂ ਨੂੰ ਦੇਖ ਕੇ ਉਸ ਦੇ ਮਾਂ ਬਾਪ ਦੀ ਸਾਰੀ ਨਰਾਜ਼ਗੀ ਦੂਰ ਹੋ ਗਈ।

ਸਹੀ ਜਵਾਬ ਵਾਲਾ ਅੱਖਰ ਖਾਨੇ ਵਿੱਚ ਲਿਖੋ।

**0 9 . 1** ਜੀਵਨ ਅਤੇ ਜੋਤੀ ਇੰਗਲੈਂਡ ਵਿੱਚ ਕੀ ਕਰਨ ਆਏ ਸਨ?

| | |
|---|---|
| **A** | ਸੈਰ ਕਰਨ ਆਏ ਸਨ |
| **B** | ਪੜ੍ਹਨ ਆਏ ਸਨ |
| **C** | ਰਿਸ਼ਤੇਦਾਰਾਂ ਨੂੰ ਮਿਲਣ ਆਏ ਸਨ। |

**[1 mark]**

**0 9 . 2** ਜੀਵਨ ਦੇ ਮਾਪਿਆਂ ਨੇ ਉਸ ਦੇ ਵਿਆਹ ਦੀ ਖਬਰ ਨੂੰ ਕਿਵੇਂ ਲਿਆ?

| | |
|---|---|
| **A** | ਖੁਸ਼ੀ ਨਾਲ |
| **B** | ਕੋਈ ਫਰਕ ਨਹੀਂ ਪਿਆ |
| **C** | ਗੁੱਸੇ ਨਾਲ |

**[1 mark]**

Do not write outside the box

**0 9 . 3** ਜੋਤੀ ਦੇ ਮਾਪਿਆਂ ਲਈ ਉਸ ਨਾਲੋਂ ਰਿਸ਼ਤਾ ਖਤਮ ਕਰਨਾ ਕਿਉਂ ਮੁਸ਼ਕਲ ਸੀ ?

| | |
|---|---|
| **A** | ਜੋਤੀ ਦਾ ਕੋਈ ਭੈਣ ਭਰਾ ਨਹੀਂ ਸੀ। |
| **B** | ਉਸ ਦੇ ਮਾਂ ਬਾਪ ਉਸ ਨੂੰ ਬਹੁਤ ਪਿਆਰ ਕਰਦੇ ਸਨ। |
| **C** | ਉਨ੍ਹਾਂ ਦਾ ਗੁਜ਼ਾਰਾ ਜੋਤੀ ਦੇ ਪੈਸਿਆਂ ਨਾਲ ਚਲਦਾ ਸੀ। |

**[1 mark]**

**0 9 . 4** ਜੋਤੀ ਨੇ ਆਪਣੇ ਮਾਪਿਆਂ ਨੂੰ ਖੁਸ਼ ਕਰਨ ਲਈ ਕੀ ਕੀਤਾ ?

| | |
|---|---|
| **A** | ਉਨ੍ਹਾਂ ਨੂੰ ਮਨਾਉਣ ਦੀ ਕੋਸ਼ਿਸ਼ ਕੀਤੀ। |
| **B** | ਆਪਣੇ ਬੱਚਿਆਂ ਨਾਲ ਮਿਲਾਇਆ। |
| **C** | ਆਪਣੇ ਰਿਸ਼ਤੇਦਾਰਾਂ ਦਾ ਸਹਾਰਾ ਲਿਆ। |

**[1 mark]**

4

**Turn over for the next question**

Do not write outside the box

**1 0** ਵਿਦਿਆਰਥੀਆਂ ਦੀਆਂ ਮੁਸ਼ਕਲਾਂ

ਤੁਸੀਂ ਪੰਜਾਬੀ ਮੈਗਜ਼ੀਨ ਵਿੱਚ ਕੁਲਵਿੰਦਰ ਦਾ ਵਿਦਿਆਰਥੀਆਂ ਦੀਆਂ ਮੁਸ਼ਕਲਾਂ ਅਤੇ ਤਣਾਅ ਤੇ ਲਿਖਿਆ ਲੇਖ ਪੜ੍ਹਦੇ ਹੋ।

ਅੱਜ ਕੱਲ੍ਹ ਵਿਦਿਆਰਥੀਆਂ ਨਾਲ ਧੱਕੇਸ਼ਾਹੀ ਸਕੂਲ ਦੇ ਮੁਕਾਬਲੇ ਵੈੱਬਸਾਈਟਾਂ, ਟੈਕਸਟ ਮੈਸਿਜਾਂ ਅਤੇ ਬਲੌਗਾਂ ਤੇ ਵੱਧ ਹੁੰਦੀ ਹੈ ਅਤੇ ਇਹ ਕੰਮ ਜ਼ਿਆਦਾਤਰ ਘਰ ਤੋਂ ਹੀ ਹੁੰਦੇ ਹਨ। ਬੱਚਿਆਂ ਦੇ ਮਾਪਿਆਂ ਨੂੰ ਚਾਹੀਦਾ ਹੈ ਕਿ ਉਨ੍ਹਾਂ ਨੂੰ ਪੁੱਛਣ ਕਿ ਉਨ੍ਹਾਂ ਨੂੰ ਕੋਈ ਤੰਗ ਤਾਂ ਨਹੀਂ ਕਰਦਾ ਤਾਂ ਕਿ ਲੋੜ ਪੈਣ ਤੇ ਮਦਦ ਕੀਤੀ ਜਾ ਸਕੇ।

ਵਿਦਿਆਰਥੀਆਂ ਨੂੰ ਆਪਣੇ ਦੋਸਤਾਂ ਅਤੇ ਸਹੇਲੀਆਂ ਦੀ ਰੀਸ ਕਰਨ ਲਈ ਸੁਹਣੇ ਕੱਪੜੇ ਖਰੀਦਣ, ਮਿੱਤਰਾਂ ਜਾਂ ਸਹੇਲੀਆਂ ਨਾਲ ਬਾਹਰ ਘੁੰਮਣ ਫਿਰਨ ਅਤੇ ਖਾਣ-ਪੀਣ ਲਈ ਪੈਸਿਆਂ ਦੀ ਲੋੜ ਪੈਂਦੀ ਹੈ। ਮਾਪਿਆਂ ਨੂੰ ਚਾਹੀਦਾ ਹੈ ਕਿ ਘਰ ਦੇ ਛੋਟੇ-ਮੋਟੇ ਕੰਮ ਕਰਵਾ ਕੇ ਉਨ੍ਹਾਂ ਨੂੰ ਖਰਚ ਲਈ ਪੈਸੇ ਦੇਣ।

ਪਹਿਲਾਂ ਤਾਂ ਵਿਦਿਆਰਥੀਆਂ ਨੂੰ ਸਿਰਫ ਚੰਗੇ ਨੰਬਰ ਲੈ ਕੇ ਪਾਸ ਹੋਣ ਦਾ ਹੀ ਫਿਕਰ ਹੁੰਦਾ ਸੀ। ਪਰ ਹੁਣ ਸਵੈ-ਇੱਛਿਤ ਕੰਮ ਅਤੇ ਸਕੂਲ ਦੇ ਸਮੇਂ ਤੋਂ ਬਾਅਦ ਹੋਰ ਕਲੱਬਾਂ ਵਿੱਚ ਹਿੱਸਾ ਲੈਣ ਦਾ ਵੀ ਦਬਾਅ ਹੈ।

ਅੱਜ ਦੇ ਵਿਦਿਆਰਥੀ ਆਪਣੇ ਜ਼ਿੰਦਗੀ ਵਿੱਚ 'ਰੋਲ ਮਾਡਲ' ਵਰਗਾ ਸਰੀਰ ਬਣਾਉਣਾ ਚਾਹੁੰਦੇ ਹਨ। ਉਨ੍ਹਾਂ ਨੂੰ ਸਾਰੇ ਤੱਤਾਂ ਨਾਲ ਭਰਪੂਰ ਖੁਰਾਕ ਖਾਣੀ ਚਾਹੀਦੀ ਹੈ ਅਤੇ ਸਕੂਲ ਵਿੱਚ ਕਸਰਤ ਕਰਨੀ ਚਾਹੀਦੀ ਹੈ।

**ਕੁਲਵਿੰਦਰ**

ਸਹੀ ਜਵਾਬ ਵਾਲਾ ਅੱਖਰ ਖਾਨੇ ਵਿੱਚ ਲਿਖੋ।

**1 0 . 1** ਕੁਲਵਿੰਦਰ ਅਨੁਸਾਰ ਵਿਦਿਆਰਥੀਆਂ ਨਾਲ ਜ਼ਿਆਦਾ ਧੱਕੇਸ਼ਾਹੀ ਕਿੱਥੇ ਹੁੰਦੀ ਹੈ ?

| | |
|---|---|
| **A** | ਖੇਡ ਦੇ ਮੈਦਾਨ ਵਿੱਚ |
| **B** | ਸ਼ੋਸ਼ਲ ਮੀਡੀਆ ਤੇ |
| **C** | ਜਮਾਤ ਦੇ ਕਮਰੇ ਵਿੱਚ |

☐

**[1 mark]**

Do not write outside the box

**1 0 . 2** ਬੱਚਿਆਂ ਨੂੰ ਧੱਕੇਸ਼ਾਹੀ ਤੋਂ ਬਚਾਉਣ ਲਈ ਕੌਣ ਮਦਦ ਕਰ ਸਕਦਾ ਹੈ ?

| | |
|---|---|
| **A** | ਮਾਤਾ-ਪਿਤਾ |
| **B** | ਅਧਿਆਪਕ |
| **C** | ਦੋਸਤ |

☐

**[1 mark]**

**1 0 . 3** ਮਾਪੇ ਆਪਣੇ ਬੱਚਿਆਂ ਦੀ ਪੈਸਿਆਂ ਦੀ ਲੋੜ ਕਿਵੇਂ ਪੂਰੀ ਕਰ ਸਕਦੇ ਹਨ ?

| | |
|---|---|
| **A** | ਕੰਮ ਲੱਭਣ ਵਿੱਚ ਮਦਦ ਕਰਕੇ |
| **B** | ਘਰ ਦੇ ਕੰਮ ਲਈ ਪੈਸੇ ਦੇ ਕੇ |
| **C** | ਬੈਂਕ ਵਿੱਚ ਪੈਸੇ ਰੱਖ ਕੇ |

☐

**[1 mark]**

**1 0 . 4** ਕੁਲਵਿੰਦਰ ਦੇ ਲੇਖ ਅਨੁਸਾਰ ਵਿਦਿਆਰਥੀਆਂ ਲਈ ਪਹਿਲਾਂ ਸਕੂਲ ਵਿੱਚ ਸਭ ਤੋਂ ਵੱਡਾ ਕਿਹੜਾ ਦਬਾਅ ਹੁੰਦਾ ਸੀ ?

| | |
|---|---|
| **A** | ਵਾਧੂ-ਕਿਰਿਆਵਾਂ ਦਾ |
| **B** | ਸਵੈ-ਇੱਛਿਤ ਕੰਮ ਦਾ |
| **C** | ਚੰਗੇ ਗਰੇਡ ਲੈਣ ਦਾ |

☐

**[1 mark]**

**1 0 . 5** ਕੁਲਵਿੰਦਰ ਦੇ ਲੇਖ ਅਨੁਸਾਰ ਵਿਦਿਆਰਥੀਆਂ ਨੂੰ ਆਪਣੇ 'ਰੋਲ ਮਾਡਲ' ਵਰਗੇ ਬਣਨ ਲਈ ਕੀ ਕਰਨਾ ਚਾਹੀਦਾ ਹੈ ?

| | |
|---|---|
| **A** | ਰੋਲ ਮਾਡਲ ਦੀ ਨਕਲ ਕਰਨ। |
| **B** | ਸੰਤੁਲਿਤ ਭੋਜਨ ਖਾਣ |
| **C** | ਪਾਰਕ ਵਿੱਚ ਕਸਰਤ ਕਰਨ |

☐

**[1 mark]**

5

**Turn over ▶**

Do not write outside the box

**1 1** ਵਿਹਲੇ ਸਮੇਂ ਦੀਆਂ ਕਿਰਿਆਵਾਂ ਬਾਰੇ ਵਿਚਾਰ

**ਤੁਸੀਂ ਵੈੱਬ ਫੋਰਮ ਪੇਜ ਤੇ ਨੌਜਵਾਨਾਂ ਦੇ ਵਿਹਲੇ ਸਮੇਂ ਦੀਆਂ ਕਿਰਿਆਵਾਂ ਬਾਰੇ ਵਿਚਾਰ ਪੜ੍ਹਦੇ ਹੋ।**



ਰਵਿੰਦਰ

ਕੰਪਿਊਟਰ ਤੇ ਖੇਡਾਂ ਖੇਡਣ ਨਾਲ ਦਿਮਾਗ ਦੀ ਸੋਚਣ ਦੀ ਰਫ਼ਤਾਰ, ਇਕਾਗਰਤਾ ਅਤੇ ਯਾਦਸ਼ਕਤੀ ਵਿੱਚ ਵਾਧਾ ਹੁੰਦਾ ਹੈ।

ਡਰਾਮਿਆਂ ਦੀਆਂ ਲੰਬੀਆਂ ਕਹਾਣੀਆਂ ਦੇਖਣ ਨਾਲੋਂ ਤਾਂ ਚੰਗਾ ਹੈ ਕਿ ਤਿੰਨ ਘੰਟੇ ਦਾ ਕੋਈ ਪਰੋਗਰਾਮ ਵੇਖਿਆ ਜਾਵੇ ਤੇ ਫਿਰ ਆਪੋ ਆਪਣੇ ਕੰਮਾਂ ਕਾਰਾਂ ਵੱਲ ਧਿਆਨ ਦਿੱਤਾ ਜਾਵੇ।



ਗੁਰਜੀਤ

ਲੋਕ ਕਹਿੰਦੇ ਹਨ ਕਿ ਦੂਰਦਰਸ਼ਨ ਵਿੱਚੋਂ ਸਾਰੀ ਦੁਨੀਆਂ ਨਜ਼ਰ ਆਉਂਦੀ ਹੈ ਪਰ ਲੋਕਾਂ ਨੂੰ ਇਹ ਨਹੀਂ ਪਤਾ ਕਿ ਜ਼ਿੰਦਗੀ ਦਾ ਬੇਹਤਰੀਨ ਹਿੱਸਾ ਇਸ ਡੱਬੇ ਦੇ ਲੇਖੇ ਲੱਗ ਜਾਂਦਾ ਹੈ।

ਕੰਪਿਊਟਰ ਤੇ ਲੜ੍ਹਾਈ ਵਾਲੀਆਂ ਖੇਡਾਂ ਖੇਡਣ ਨਾਲ ਬੱਚਿਆਂ ਦਾ ਸੁਭਾਅ ਲੜਾਕਾ ਵੀ ਹੋ ਸਕਦਾ ਹੈ।



ਪਲਵਿੰਦਰ

ਵਿਹਲੇ ਸਮੇਂ ਵਿੱਚ ਕੰਪਿਊਟਰ ਤੇ ਖੇਡਾਂ ਖੇਡਣ ਨਾਲ ਤੁਸੀਂ ਕਈ ਤਰ੍ਹਾਂ ਦੇ ਹੁਨਰ ਸਿੱਖਦੇ ਹੋ ਅਤੇ ਤੁਸੀਂ ਕਦੇ ਵੀ ਨਹੀਂ ਅੱਕਦੇ। ਮੈਂ ਤਾਂ ਕਹਾਂਗੀ ਕਿ ਪੜ੍ਹਾਈ ਵੀ ਕੰਪਿਊਟਰ ਦੀਆਂ ਖੇਡਾਂ ਰਾਹੀਂ ਹੋਣੀ ਚਾਹੀਦੀ ਹੈ।

ਦੂਰਦਰਸ਼ਨ ਮਨੋਰੰਜਨ ਅਤੇ ਸਿੱਖਿਆ ਦਾ ਇੱਕ ਵਧੀਆ ਮਾਧਿਆਮ ਹੈ। ਤੁਸੀਂ ਦੇਸ ਵਿਦੇਸ਼ ਵਿੱਚ ਹੋ ਰਹੇ ਪਰੋਗਰਾਮ ਨੂੰ ਘਰ ਬੈਠੇ ਹੀ ਦੇਖ ਸਕਦੇ ਹੋ। ਦੂਰਦਰਸ਼ਨ ਸੰਚਾਰ ਦਾ ਇੱਕ ਮਹੱਤਵਪੂਰਣ ਸਾਧਨ ਹੈ ਇਸ ਵਿੱਚ ਕੋਈ ਸ਼ੱਕ ਨਹੀਂ ਪਰ ਮਾਪਿਆਂ ਨੂੰ ਚਾਹੀਦਾ ਹੈ ਕਿ ਬੱਚਿਆਂ ਨੂੰ ਉਨ੍ਹਾਂ ਦੀ ਉਮਰ ਦੇ ਮੁਤਾਬਿਕ ਹੀ ਪਰੋਗਰਾਮ ਦੇਖਣ ਦੇਣ ਕਿਉਂਕਿ ਸਾਰੇ ਪਰੋਗਰਾਮ ਬੱਚਿਆਂ ਦੇ ਦੇਖਣ ਵਾਲੇ ਨਹੀਂ ਹੁੰਦੇ।

*Do not write outside the box*

ਕੌਣ ਕਿਹੜੀ ਵਿਹਲੇ ਸਮੇਂ ਦੀ ਕਿਰਿਆ ਦੇ ਪੱਖ ਜਾਂ ਵਿਰੋਧ ਵਿੱਚ ਹੈ ?

ਪ੍ਰਸ਼ਨ ਦੇ ਸਾਹਮਣੇ ਵਾਲੇ ਖਾਨੇ ਵਿੱਚ ਉਸ ਨੌਜਵਾਨ ਦਾ ਨਾਂ ਲਿਖੋ।

**1 1 . 1** ਕੰਪਿਊਟਰ ਤੇ ਖੇਡਾਂ ਖੇਡਣ ਦੇ ਵਿਰੁੱਧ ਕਿਸ ਨੇ ਵਿਚਾਰ ਦਿੱਤੇ ਹਨ ? **[1 mark]**

**1 1 . 2** ਕੰਪਿਊਟਰ ਤੇ ਖੇਡਾਂ ਖੇਡਣ ਦੇ ਪੱਖ ਵਿੱਚ ਕਿਸ ਨੇ ਵਿਚਾਰ ਦਿੱਤੇ ਹਨ ? **[1 mark]**

**1 1 . 3** ਜ਼ਿਆਦਾ ਟੀ ਵੀ ਵੇਖਣ ਦੇ ਵਿਰੁੱਧ ਕਿਸ ਨੇ ਵਿਚਾਰ ਦਿੱਤੇ ਹਨ ? **[1 mark]**

**1 1 . 4** ਸਮਝਦਾਰੀ ਨਾਲ ਟੀ ਵੀ ਦੇਖਣ ਬਾਰੇ ਕਿਸ ਨੇ ਵਿਚਾਰ ਦਿੱਤੇ ਹਨ ? **[1 mark]**

**1 1 . 5** ਲੜੀਵਾਰ ਟੀ ਵੀ ਪਰੋਗਰਾਮਾਂ ਦੇ ਵਿਰੁੱਧ ਕਿਸ ਨੇ ਵਿਚਾਰ ਦਿੱਤੇ ਹਨ ? **[1 mark]**

**5**

**Turn over for the next Section**

Do not write outside the box

## Section C

Translate into **English**.

**1 2** Your cousin from Canada has recently been to the Panjab and posted the following message on Facebook. Your sister asks you to translate it for her into **English**.

ਪਿਛਲੇ ਮਹੀਨੇ, ਮੈਂ ਪੰਜਾਬ ਛੁੱਟੀਆਂ ਤੇ ਗਿਆ ਸੀ। ਅੱਜ ਕੱਲ੍ਹ ਸਰਕਾਰੀ ਸਕੂਲਾਂ ਨਾਲੋਂ ਅੰਗਰੇਜ਼ੀ ਸਕੂਲਾਂ ਵਿੱਚ ਵੱਧ ਬੱਚੇ ਪੜ੍ਹਦੇ ਹਨ। ਵੱਡੇ ਸ਼ਹਿਰਾਂ ਵਿੱਚ ਨਵੇਂ ਰੈਸਟੋਰੈਂਟ ਖੁੱਲ੍ਹ ਗਏ ਹਨ, ਜਿੱਥੇ ਵੱਖ ਵੱਖ ਤਰ੍ਹਾਂ ਦਾ ਖਾਣਾ ਮਿਲਦਾ ਹੈ। ਉੱਥੇ ਕਈ ਬਾਜ਼ਾਰ ਹਨ, ਜਿੱਥੋਂ ਤੁਸੀਂ ਆਪਣੇ ਪਰਿਵਾਰ ਅਤੇ ਦੋਸਤਾਂ ਲਈ ਤੋਹਫੇ ਖਰੀਦ ਸਕੋਗੇ।

**[9 marks]**

9

**END OF QUESTIONS**

Do not write outside the box

**There are no questions printed on this page**

**DO NOT WRITE ON THIS PAGE**
**ANSWER IN THE SPACES PROVIDED**

Do not write outside the box

**There are no questions printed on this page**

**DO NOT WRITE ON THIS PAGE**
**ANSWER IN THE SPACES PROVIDED**

**Copyright information**

For confidentiality purposes, from the November 2015 examination series, acknowledgements of third-party copyright material are published in a separate booklet rather than including them on the examination paper or support materials. This booklet is published after each examination series and is available for free download from www.aqa.org.uk after the live examination series.

Permission to reproduce all copyright material has been applied for. In some cases, efforts to contact copyright-holders may have been unsuccessful and AQA will be happy to rectify any omissions of acknowledgements. If you have any queries please contact the Copyright Team, AQA, Stag Hill House, Guildford, GU2 7XJ.

Copyright © 2019 AQA and its licensors. All rights reserved.